# ਪੰਜਾਬੀ—104
## XII (ਬਾਰ੍ਹਵੀਂ)
# ਨਮੂਨੇ ਦਾ ਪ੍ਰਸ਼ਨ-ਪੱਤਰ
## (ਮਾਰਚ-ਅਪ੍ਰੈਲ 2023-24)

Time Allowed 3 Hrs — M.M. 80

ਸਮਾਂ ਤਿੰਨ ਘੰਟੇ — ਕੁੱਲ ਅੰਕ 80

### ਆਮ ਨਿਰਦੇਸ਼

ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

* ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ਼ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
* ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
* ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

**ਭਾਸ਼ਾ** — 8+8+7=23

**ਅਡਵਾਂਸ ਪੜ੍ਹਨ-ਕੌਸ਼ਲ**

(1) ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦੇ ਹੇਠਾਂ ਪੁੱਛੇ ਗਏ **ਬਹੁ-ਵਿਕਲਪੀ ਪ੍ਰਸ਼ਨਾਂ** ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (8x1=8)

ਪੇਂਡੂ ਜੀਵਨ ਸਾਡੇ ਸੱਭਿਆਚਾਰ ਦਾ ਇੱਕ ਅਨਿੱਖੜਵਾਂ ਅੰਗ ਹੈ। ਦਿਨੋ-ਦਿਨ ਵੱਧ ਰਹੇ ਸ਼ਹਿਰੀਕਰਨ ਨੇ ਆਪਣਾ ਪ੍ਰਭਾਵ ਪਿੰਡਾਂ ਵਿੱਚ ਵੀ ਛੱਡਣਾ ਸ਼ੁਰੂ ਕਰ ਦਿੱਤਾ ਹੈ। ਸਾਡਾ ਅਮੀਰ ਸੱਭਿਆਚਾਰ ਪਿੰਡਾਂ ਵਿੱਚ ਵੱਸਦਾ ਹੈ। ਵਿਗਿਆਨਕ ਤਰੱਕੀ, ਸਮੇਂ ਦੀ ਘਾਟ, ਪੱਛਮੀ ਸੱਭਿਆਚਾਰ ਦੇ ਕਾਰਨ, ਫਾਇਦਿਆਂ ਦੇ ਨਾਲ਼-ਨਾਲ਼ ਕਾਫ਼ੀ ਨੁਕਸਾਨ ਵੀ ਹੋਏ ਹਨ। ਪਿੰਡਾਂ ਦੀ ਮੋਹ-ਮੁਹੱਬਤ ਹੁਣ ਖ਼ਤਮ ਹੋਣ ਜਾ ਰਹੀ ਹੈ ਜਾਂ ਹੋ ਚੁੱਕੀ ਹੈ। ਕਈ ਵਾਰ ਤਾਂ ਇੰਝ ਲੱਗਦਾ ਹੈ ਕਿ ਸਾਡਾ ਸੱਭਿਆਚਾਰ ਹੁਣ ਖ਼ਤਮ ਹੀ ਹੋ ਗਿਆ ਹੈ। ਕੋਈ ਸਮਾਂ ਸੀ ਜਦੋਂ ਮਾਲਵੇ ਦੇ ਪਿੰਡਾਂ ਅਤੇ ਮਾਰੂਥਲ ਦੀ ਮਹਿਕ ਦਾ ਆਪਣਾ ਹੀ ਵੱਖਰਾ ਸੰਦਲੀ ਸਵਾਦ ਸੀ। ਕਈ ਵਾਰ ਤਾਂ ਮਾਲਵੇ ਦੇ ਪਿੰਡਾਂ ਦੇ ਮਾਰੂਥਲ ਵਿੱਚੋਂ ਵੀ ਚੰਦਨ ਵਰਗੀ ਮਹਿਕ ਆਉਂਦੀ ਸੀ, ਕਿਰੇ ਚਿੱਬੜਾਂ ਦੀ ਖੁਸ਼ਬੂ, ਮੱਲ੍ਹਿਆਂ ਦੇ ਬੇਰ, ਜੰਡ ਨਾਲ਼ ਲਟਕਦੇ ਖੋਖੇ, ਫੁੱਲਾਂ ਨਾਲ਼ ਲੱਦੇ ਕਰੀਰ, ਝੂਮਦਾ ਸਰਕੜਾ, ਸਵਰਗ ਦੀ ਯਾਦ ਕਰਵਾਉਂਦੇ ਸਨ। ਹੁਣ ਕਰੀਰ, ਜੰਡ, ਰੇਰੂ, ਬੀਤੇ ਸਮੇਂ ਦੀਆਂ ਬਾਤਾਂ ਬਣ ਕੇ ਰਹਿ ਗਏ ਹਨ। ਪਿੰਡਾਂ ਦੀ ਆਪਣੀ ਕਹਾਣੀ ਸੀ।

**(i) ਕਿਹੜਾ ਜੀਵਨ ਸਾਡੇ ਸੱਭਿਆਚਾਰ ਦਾ ਮੁੱਖ ਅੰਗ ਰਿਹਾ ਹੈ?**

(A) ਸ਼ਹਿਰੀ ਜੀਵਨ — (B) ਪੇਂਡੂ ਜੀਵਨ

(C) ਪੱਛਮੀ ਸੱਭਿਆਚਾਰ — (D) ਇਹਨਾਂ ਵਿੱਚੋਂ ਕੋਈ ਨਹੀਂ

**(ii) ਕਿਸ ਨੇ ਹੁਣ ਆਪਣਾ ਪ੍ਰਭਾਵ ਪਿੰਡਾਂ ਵਿੱਚ ਵੀ ਛੱਡਣਾ ਸ਼ੁਰੂ ਕਰ ਦਿੱਤਾ ਹੈ?**

(A) ਸ਼ਹਿਰੀਕਰਨ — (B) ਵਿਗਿਆਨ

(C) ਪੱਛਮੀ ਸੱਭਿਆਚਾਰ — (D) ਇਹਨਾਂ ਵਿੱਚੋਂ ਕੋਈ ਨਹੀਂ

**(iii) ਪਿੰਡਾਂ ਵਿੱਚੋਂ ਪੇਂਡੂ ਸੱਭਿਆਚਾਰ ਦੇ ਅਲੋਪ ਹੋਣ ਦਾ ਕੀ ਕਾਰਨ ਹੈ?**

(A) ਵਿਗਿਆਨਕ ਤਰੱਕੀ (B) ਮੋਹ-ਪਿਆਰ

(C) ਪੁਰਾਤਨਤਾ (D) ਨਸ਼ੇ

**(iv) ਪਿੰਡਾਂ ਵਿੱਚੋਂ ਕਿਹੜੀ ਚੀਜ਼ ਖ਼ਤਮ ਹੁੰਦੀ ਜਾ ਰਹੀ ਹੈ?**

(A) ਟਰੈਕਟਰ (B) ਜੀਪਾਂ

(C) ਦੁਸ਼ਮਣੀ (D) ਮੋਹ-ਮੁਹੱਬਤ

**(v) ਪੰਜਾਬ ਦੇ ਮਾਲਵੇ ਇਲਾਕੇ ਦੇ ਮਾਰੂਥਲ ਦੀ ਮਹਿਕ ਦੀ ਤੁਲਨਾ ਲੇਖਕ ਨੇ ਕਿਸ ਨਾਲ਼ ਕੀਤੀ ਹੈ?**

(A) ਬੋਹੜ ਨਾਲ਼ (B) ਪਿੱਪਲ ਨਾਲ਼

(C) ਜੰਡ ਨਾਲ਼ (D) ਚੰਦਨ ਨਾਲ਼

**(vi) ਵਾਰਤਕ ਅਨੁਸਾਰ ਅਮੀਰ ਸੱਭਿਆਚਾਰ ਕਿੱਥੇ ਵੱਸਦਾ ਸੀ?**

(A) ਪਿੰਡਾਂ ਵਿੱਚ (B) ਸ਼ਹਿਰਾਂ ਵਿੱਚ

(C) ਪੱਛਮੀ ਸੱਭਿਆਚਾਰ ਵਿੱਚ (D) ਮਹਾਂਨਗਰਾਂ ਵਿੱਚ

**(vii) ਪੈਰੇ ਅਨੁਸਾਰ ਪਿੰਡਾਂ ਦੀ ਆਪਣੀ ਕੀ ਹੈ?**

(A) ਜਵਾਨੀ (B) ਕਹਾਣੀ

(C) ਨਿਸ਼ਾਨੀ (D) ਇਹਨਾਂ ਵਿੱਚੋਂ ਕੋਈ ਨਹੀਂ

**(viii) ਉਪਰ ਲਿਖੇ ਪੈਰੇ ਦਾ ਸਿਰਲੇਖ ਹੈ—**

(A) ਪੇਂਡੂ ਜੀਵਨ (B) ਸ਼ਹਿਰੀ ਜੀਵਨ

(C) ਮਹਾਂਨਗਰੀ ਜੀਵਨ (D) ਇਹਨਾਂ ਵਿੱਚੋਂ ਕੋਈ ਨਹੀਂ

**(2) ਪ੍ਰਭਾਵਸ਼ਾਲੀ ਲਿਖਣ-ਕੌਸ਼ਲ** 8

ਤੁਹਾਡਾ ਕਾਰੋਬਾਰ ਸ਼ੇਅਰ ਬਜ਼ਾਰ ਨਾਲ ਜੁੜਿਆ ਹੋਇਆ ਹੈ ਅਤੇ ਕਾਰੋਬਾਰ ਲਈ ਤੁਹਾਨੂੰ ਰੋਜ਼ਾਨਾ ਮੋਬਾਇਲ ਦੀ ਵਰਤੋਂ ਕਰਨੀ ਪੈ ਰਹੀ ਹੈ। ਪਰ ਤੁਸੀਂ ਭਾਰਤ ਸੰਚਾਰ ਨਿਗਮ ਲਿਮਿਟਡ ਦੀ ਨੈੱਟਵਰਕ ਸੇਵਾ ਕਰਕੇ ਦਿੱਕਤ ਮਹਿਸੂਸ ਕਰ ਰਹੇ ਹੋ। ਹਾਲਾਤ ਤੋਂ ਜਾਣੂ ਕਰਵਾਉਂਦੇ ਹੋਏ ਆਪਣੇ ਇਲਾਕੇ ਦੇ ਸੰਬੰਧਿਤ ਅਧਿਕਾਰੀ ਨੂੰ ਪੱਤਰ ਲਿਖ ਕੇ ਇਸ ਵਿੱਚ ਸੁਧਾਰ ਕਰਨ ਲਈ ਆਖੋ।

**ਜਾਂ**

ਤੁਸੀਂ ਆਪਣੇ ਕਸਬੇ ਵਿੱਚ ਆਟਾ ਚੱਕੀ ਲਾਈ ਹੋਈ ਹੈ। ਇਲਾਕਾ ਨਿਵਾਸੀਆਂ ਨੂੰ ਇਸ ਬਾਰੇ ਖੁੱਲ੍ਹੀ ਚਿੱਠੀ ਰਾਹੀਂ ਜਾਣਕਾਰੀ ਦਿੰਦੇ ਹੋਏ ਕਣਕ, ਦਾਲਾਂ ਤੇ ਹੋਰ ਅਨਾਜ ਆਦਿ ਪਿਹਾਉਣ, ਰੇਟ ਤੇ ਹੋਰ ਵਿਸ਼ੇਸ਼ਤਾਵਾਂ ਦੱਸਦੇ ਹੋਏ ਅਪੀਲ ਕਰੋ।

(3) **ਕਿਸੇ ਇੱਕ** ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। 7

ਨੈਤਿਕ ਕਦਰਾਂ ਕੀਮਤਾਂ

**ਜਾਂ**

ਭਿੱਖਿਆ ਮੰਗਣਾ — ਇੱਕ ਸਮਾਜਕ ਕੋਹੜ/ਲਾਹਨਤ

## ਵਿਹਾਰਕ ਵਿਆਕਰਨ

(4) ਵਾਕ-ਵਟਾਂਦਰਾ 13

ਹੇਠ ਲਿਖੇ ਵਾਕਾਂ ਵਿੱਚੋਂ **ਕਿਸੇ ਤਿੰਨ** ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ। (3X1)3

(i) ਭਾਵੇਂ ਉਸ ਦੀਆਂ ਸਹੇਲੀਆਂ ਮੂਰਖ ਹਨ ਪਰ ਉਹ ਸਿਆਣੀ ਹੈ। (**ਸੰਜੁਗਤ ਵਾਕ ਬਣਾਓ**)

(ii) ਕੋਈ ਸੋਹਣਾ ਜਿਹਾ ਗੀਤ ਸੁਣਾਓ। (**ਪ੍ਰਸ਼ਨਵਾਚਕ ਵਾਕ ਬਣਾਓ**)

(iii) ਸੂਰਜ ਨਿਕਲਿਆ ਅਤੇ ਅਸੀਂ ਆਪੋ-ਆਪਣੇ ਕੰਮਾਂ ਵਿੱਚ ਰੁੱਝ ਗਏ। (**ਸਧਾਰਨ ਵਾਕ ਬਣਾਓ**)

(iv) ਮਿਹਨਤੀ ਵਿਦਿਆਰਥੀ ਕਦੇ ਅਸਫ਼ਲ ਨਹੀਂ ਹੁੰਦੇ। (**ਹਾਂ-ਵਾਚਕ ਵਾਕ ਬਣਾਓ**)

(5) ਅਖਾਣ/ਅਖਾਉਂਤਾਂ

ਹੇਠ ਦਿੱਤੇ ਗਏ ਅਖਾਣਾਂ ਵਿੱਚੋਂ **ਕਿਸੇ ਪੰਜ** ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ— (5X2)**10**

(i) ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀ

(ii) ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ

(iii) ਪਾਣੀ ਵਿੱਚ ਸੋਟਾ ਮਾਰਿਆ ਪਾਣੀ ਦੋ ਨਹੀਂ ਹੋ ਜਾਂਦੇ

(iv) ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜਮਦਾ

(v) ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ

(vi) ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ

## ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) 44

### ਕਵਿਤਾਵਾਂ ਵਿੱਚੋਂ 12

(6) ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ—3+5=8

ਧਰਤੀ 'ਤੇ ਲਹੂ ਵੱਗਿਆ ਕਬਰਾਂ ਪਈਆਂ ਚੋਣ।
ਪ੍ਰੀਤ ਦੀਆਂ ਸ਼ਾਹਜ਼ਾਦੀਆਂ ਅੱਜ ਵਿੱਚ ਮਿਜ਼ਾਰਾਂ ਰੋਣ।
ਅੱਜ ਸੱਭੇ ਕੈਦੋ ਬਣ ਗਏ ਹੁਸਨ ਇਸ਼ਕ ਦੇ ਚੋਰ।

**ਜਾਂ**

ਉਂਞ ਤਾਂ ਹਰ ਮਾਂ ਸੋਹਣੀ ਹੁੰਦੀ, ਪਰ ਮੇਰੀ ਮਾਂ ਵੇਖ-ਵੇਖ ਕੇ
ਹਰ ਅੱਖ ਸੁਲਗੇ ਜਿਵੇਂ ਦੁਪਹਿਰੀਂ ਮੈਂ ਉਸ ਦੇ ਸੰਗ ਤੁਰਿਆ ਜਾਵਾਂ

ਚੁੱਪ ਸੰਘਣੀ, ਛਾਉਂ ਇਕਹਿਰੀ, ਨਜ਼ਰ-ਨਜ਼ਰ ਮੇਰਾ ਮਕਤਬ ਸੀ,

ਬੋਲ ਬੋਲ ਸੀ ਸੰਥਾ ਮੇਰੀ।

(7) ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (4X1)=4

**(i)** **'ਗੀਤ'** ਵਿੱਚ ਕਿਸ ਦੇ ਸਿੱਲ੍ਹਾ ਹੋਣ ਬਾਰੇ ਦੱਸਿਆ ਗਿਆ ਹੈ?

**(A)** ਕੱਪੜਿਆਂ ਬਾਰੇ **(B)** ਪੱਤਿਆਂ ਦੀ ਪੰਡ ਬਾਰੇ

**(C)** ਘਾਹ ਬਾਰੇ **(D)** ਲੱਕੜਾਂ ਬਾਰੇ

**(ii)** **'ਚੁੰਮ-ਚੁੰਮ ਰੱਖੋ'** ਕਵਿਤਾ ਵਿੱਚ ਕਿਸ ਪੰਛੀ ਦਾ ਨਾਂ ਆਇਆ ਹੈ?

**(A)** ਤੋਤੇ ਦਾ **(B)** ਕਬੂਤਰ ਦਾ

**(C)** ਮੋਰ ਦਾ **(D)** ਹੰਸ ਦਾ

**(iii)** ਮਜ਼ਦੂਰ **'ਤਾਜ ਮਹਲ'** ਬਣਾਉਣ ਸਮੇਂ ਕਿਵੇਂ ਕੰਮ ਕਰਦੇ ਸਨ?

**(A)** ਦਿਹਾੜੀਦਾਰ ਵਜੋਂ **(B)** ਵਗਾਰ ਵਜੋਂ

**(C)** ਮਹੀਨੇ ਦੀ ਤਨਖ਼ਾਹ 'ਤੇ **(D)** ਠੇਕੇ 'ਤੇ

**(iv)** ਕਵਿਤਾ **'ਟੁਕੜੀ ਜੱਗ ਤੋਂ ਨਯਾਰੀ'** ਵਿੱਚ ਚਸ਼ਮੇ ਕਿਸ ਤਰ੍ਹਾਂ ਦੇ ਜਾਪਦੇ ਹਨ?

**(A)** ਛੋਟੇ ਸਮੁੰਦਰਾਂ ਵਰਗੇ **(B)** ਨਦੀਆਂ ਵਰਗੇ

**(C)** ਸੜਕਾਂ ਵਰਗੇ **(D)** ਝੀਲਾਂ ਵਰਗੇ

## ਕਹਾਣੀਆਂ ਵਿੱਚੋਂ

6+5+8=**19**

(8) **'ਨੀਲੀ'** ਵਿਚਲੇ ਗਵਾਲੇ ਦਾ ਪਾਤਰ-ਚਿਤਰਨ 125 ਤੋਂ 150 ਸ਼ਬਦਾਂ ਵਿੱਚ ਕਰੋ। **6**

**ਜਾਂ**

**'ਮਾੜਾ ਬੰਦਾ'** ਕਹਾਣੀ ਦਾ ਵਿਸ਼ਾ-ਵਸਤੂ 125 ਤੋਂ 150 ਸ਼ਬਦਾਂ ਵਿੱਚ ਲਿਖੋ।

(9) ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (5X1)=5

**(i)** **'ਸਾਂਝ'** ਕਹਾਣੀ ਵਿੱਚ ਬੁੱਢੀ ਮਾਈ ਨੇ ਕਿਹੜੇ ਪਿੰਡ ਜਾਣਾ ਸੀ?

**(A)** ਬਾਗਾਂ ਵਾਲ਼ੇ **(B)** ਸਹੇੜੇ

**(C)** ਮੋਰਾਂਵਾਲ਼ੇ **(D)** ਬਹਾਦਰਪੁਰ

**(ii)** ਗਵਾਲਾ ਗਾਂ ਦੀ ਧਾਰ ਕਿਸ ਭਾਂਡੇ ਵਿੱਚ ਕੱਢਦਾ ਸੀ?

**(A)** ਬਾਲਟੀ ਵਿੱਚ **(B)** ਜੱਗ ਵਿੱਚ

**(C)** ਡੋਲ੍ਹ ਵਿੱਚ **(D)** ਗਾਗਰ ਵਿੱਚ

**(iii)** ਲੇਖਕ ਦੀ ਪਤਨੀ ਰਿਕਸ਼ੇ ਵਾਲ਼ੇ ਨੂੰ ਕੀ ਪਿਲਾਉਣ ਦੀ ਗੱਲ ਕਰਦੀ ਹੈ?

**(A)** ਪਾਣੀ **(B)** ਚਾਹ

**(C)** ਦੁੱਧ **(D)** ਜੂਸ

(iv) ਜੀਤੋ ਦੇ ਵਿਆਹ ਸਮੇਂ ਉਸ ਨੂੰ ਕਿੰਨਵਾਂ ਸਾਲ ਲੱਗਾ ਸੀ?

(A) ਵੀਹਵਾਂ ਸਾਲ ਲੱਗਾ ਸੀ
(B) ਸਤਾਰ੍ਹਵਾਂ ਸਾਲ ਲੱਗਾ ਸੀ
(C) ਅਠਾਰ੍ਹਵਾਂ ਸਾਲ ਲੱਗਾ ਸੀ
(D) ਪੰਝੀਵਾਂ ਸਾਲ ਲੱਗਾ ਸੀ

(v) ਪ੍ਰੋਫ਼ੈਸਰ ਨੇ ਮਾਈ ਨੂੰ ਕਿੱਥੇ ਉਤਾਰਿਆ?

(A) ਪਿੰਡ ਵਿੱਚ
(B) ਕਸਬੇ ਵਿੱਚ
(C) ਸ਼ਹਿਰ ਵਿੱਚ
(D) ਇਹਨਾਂ ਵਿਚੋਂ ਕੋਈ ਨਹੀਂ

(10) ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ **ਕਿਸੇ ਚਾਰ** ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ— (4X2)=8

(i) ਅਨੰਦ-ਕਾਰਜ ਵੇਲੇ ਜੀਤੋ ਨੂੰ ਕੀ ਸਿੱਖਿਆ ਦਿੱਤੀ ਗਈ?

(ii) ਰਿਕਸ਼ੇ ਵਾਲ਼ਾ ਵੇਖਣ ਵਿੱਚ ਕਿਹੋ ਜਿਹਾ ਲੱਗਦਾ ਸੀ?

(iii) ਗਵਾਲੇ ਦਾ ਲੇਖਕ ਦੀ ਪਤਨੀ ਨੂੰ ਵੱਛੀ ਲਈ ਦੁੱਧ ਨਾ ਛੱਡਣ ਬਾਰੇ ਕੀ ਕਹਿਣਾ ਸੀ?

(iv) ਜੇਠ ਦੀ ਧੁੱਪ ਕਾਰਨ ਸੜਕ ਦੀ ਹਾਲਤ ਕਿਹੋ ਜਿਹੀ ਸੀ?

(v) ਜੀਤੋ ਦੇ ਵੀਰ ਨੂੰ ਗੱਚ ਕਿਸ ਗੱਲ ਕਰਕੇ ਆ ਗਿਆ?

## ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ 13

(11) ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (5X1)=5

(i) ਛਪਾਰ ਦਾ ਮੇਲਾ ਕਿਸ ਦੀ ਯਾਦ ਵਿੱਚ ਲੱਗਦਾ ਹੈ?

(A) ਦੇਵੀ ਮਾਤਾ ਦੀ
(B) ਗੁੱਗੇ ਦੀ
(C) ਪੀਰਾਂ-ਫ਼ਕੀਰਾਂ ਦੀ
(D) ਹਕੀਕਤ ਰਾਏ ਦੀ

(ii) ਮੁਰਦੇ ਦੀ ਖੋਪਰੀ ਠਕੋਰਨ ਨੂੰ ਕੀ ਕਹਿੰਦੇ ਹਨ?

(A) ਫੁੱਲ ਤਾਰਨਾ
(B) ਲਾਂਬੂ ਲਾਉਣਾ
(C) ਕਪਾਲ ਭਾਰਤੀ
(D) ਕਪਾਲ ਕਿਰਿਆ

(iii) **'ਲੂਣ ਤੇਲ ਲਲ੍ਹੇ'** ਕਿਸ ਖੇਡ ਵਿੱਚ ਸਮਾ ਗਏ ਹਨ?

(A) ਹਾਕੀ
(B) ਬਾਂਦਰ ਕੀਲਾ
(C) ਕ੍ਰਿਕਟ
(D) ਕਬੱਡੀ

(iv) ਕਿਸ ਲੋਕ-ਨਾਚ ਵਿੱਚ ਗੀਤ ਦੀ ਥਾਂ ਨਚਾਰ ਮੂੰਹੋਂ ਕਈ ਪ੍ਰਕਾਰ ਦੀਆਂ ਅਵਾਜ਼ਾਂ ਕੱਢਦੇ ਹਨ?

(A) ਝੂੰਮਰ
(B) ਲੁੱਡੀ
(C) ਸੰਮੀ
(D) ਧਮਾਲ

(v) **ਮਾਘੀ ਦਾ ਪ੍ਰਸਿੱਧ ਮੇਲਾ ਕਿੱਥੇ ਲੱਗਦਾ ਹੈ?**

(A) ਨਨਕਾਣਾ ਸਾਹਿਬ
(B) ਮੁਕਤਸਰ ਸਾਹਿਬ
(C) ਅਨੰਦਪੁਰ ਸਾਹਿਬ
(D) ਇਹਨਾਂ ਵਿੱਚੋਂ ਕੋਈ ਨਹੀਂ

(12) ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ **ਕਿਸੇ ਦੋ** ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ— (2X4)=8

(i) ਮੇਲਿਆਂ ਦਾ ਕਿਸੇ ਜਾਤੀ ਲਈ ਕੀ ਮਹੱਤਵ ਹੁੰਦਾ ਹੈ?

(ii) ਵਿਆਹ ਕੇ ਲਿਆਉਣ ਪਿੱਛੋਂ ਮੁੰਡੇ ਦੇ ਘਰ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ?

(iii) ਪੰਜਾਬ ਦੀਆਂ ਲੋਕ-ਖੇਡਾਂ ਦੇ ਅਧਾਰ 'ਤੇ ਸਿੱਧ ਕਰੋ ਕਿ ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ?